ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ,
ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ
ਵੈਬਸਾਈਟ : www.ssapunjab.org, ਈ-ਮੇਲ : ssapunjab.mis@gmail.com

ਵੱਲ :

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਸਕੂਲ ਮੁਖੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪੰਜਾਬ

ਮੀਮੋ ਨੰਬਰ : ਸਸਅ/2015/ਐਸ.ਐਸ.ਏ./ਐਮ.ਆਈ.ਐਸ./ਈਪੰਜਾਬ/20155557
ਮਿਤੀ : 16-04-2015

ਵਿਸ਼ਾ : ਸਕੂਲਾਂ ਵਿਚ ਬਿਜਲੀ ਦੀ ਖਪਤ ਸਬੰਧੀ ਜਾਣਕਾਰੀ ਪੋਰਟਲ ਉੱਤੇ ਅਪਡੇਟ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਕੂਲ ਸਿੱਖਿਆ ਵਿਭਾਗ ਦੇ ਈ-ਪੋਰਟਲ www.epunjabschool.gov.in ਉੱਤੇ ਇੱਕ ਨਵਾਂ ਲਿੰਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਅਕਾਉਂਟ ਵਿਚ ਲਗਾਇਆ ਗਿਆ ਹੈ ਜਿਸ ਅਨੁਸਾਰ ਇਨ੍ਹਾਂ ਸਕੂਲਾਂ ਵਲੋਂ ਆਪਣੇ ਸਕੂਲ ਦੀ ਬਿਜਲੀ ਦੀ ਖਪਤ ਅਤੇ ਬਿੱਲ ਦੀ ਰਕਮ ਸਬੰਧੀ ਜਾਣਕਾਰੀ ਪੋਰਟਲ ਉੱਤੇ ਭਰੀ ਜਾਣੀ ਹੈ।

3.0 ਸਕੂਲਾਂ ਵਲੋਂ ਜਨਵਰੀ 2014 ਤੋਂ 31 ਦਸੰਬਰ 2014 ਤੱਕ ਆਏ ਸਮੂਹ ਬਿਜਲੀ ਦੇ ਬਿੱਲਾਂ ਵਿੱਚ ਦਰਸਾਈ ਖਪਤ ਅਤੇ ਬਿੱਲ ਦੀ ਰਕਮ ਦਾ ਜੋੜ ਇਸ ਪੋਰਟਲ ਉੱਤੇ ਦਰਜ ਕੀਤਾ ਜਾਵੇਗਾ। ਇਹ ਜਾਣਕਾਰੀ ਹੇਠਾਂ ਦਰਸਾਈ ਮਿਸਾਲ ਨੂੰ ਧਿਆਨ ਵਿਚ ਰੱਖ ਕੇ ਭਰੀ ਜਾਵੇ :-

| Meter reading date | | Units consumption | Bill Amount |
|---|---|---|---|
| From | To | | |
| 01-01-2014 | 31-01-2014 | 1821 | 2096/- |
| 01-02-2014 | 28-02-2014 | 1622 | 1800/- |
| 01-03-2014 | 30-04-2014 | 2321 | 3400/- |
| 01-05-2014 | 15-06-2014 | 1801 | 2000/- |
| 16-06-2014 | 31-07-2014 | 3421 | 4200/- |
| 01-08-2014 | 31-08-2014 | 2000 | 2400/- |
| 01-09-2014 | 15-10-2014 | 3300 | 4600/- |
| 16-10-2014 | 15-12-2014 | 4400 | 5800/- |
| 16-12-2014 | 31-01-2015 | 2900 | 3900/- |
| **Total** | | **23586** | **30196/-** |

ਉਪਰੋਕਤ ਟੇਬਲ ਅਨੁਸਾਰ ਹੇਠ ਲਿਖੀ ਜਾਣਕਾਰੀ ਪੋਰਟਲ ਉੱਤੇ ਇਸ ਤਰ੍ਹਾਂ ਭਰੀ ਜਾਵੇਗੀ :-

Bill Period :: from 01-01-2014 to 31-01-2015
Total Consumption :: 23586 Units
Total Amount :: Rupees 30196/-

4.0 ਮੰਡਲ ਸਿੱਖਿਆ ਅਫਸਰ ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਪਰੋਕਤ ਜਾਣਕਾਰੀ ਨੂੰ ਸਕੂਲਾਂ ਵਲੋਂ ਮਿਤੀ 22-04-2015 ਤੱਕ ਪੋਰਟਲ ਉੱਤੇ ਅਪਡੇਟ ਕਰਵਾਉਣ ਅਤੇ ਇਸ ਦੀ ਮੋਨੀਟਰਿੰਗ ਵੀ ਕਰਨ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ